# ਇਮੀਗ੍ਰੇਸ਼ਨ ਮਨਿਸਟਰ ਜੇਸਨ ਕੈਨੀ ਨੂੰ ਨਾਂਹ ਕਹੋ !

ਨੋ ਵਨ ਇਜ਼ ਇਲਲੀਗਲ ਜਥੇਬੰਦੀ ਤੁਹਾਨੂੰ ਸੱਦਾ ਦੇ ਰਹੀ ਹੈ ਕਿ ਤੁਸੀਂ ਉਸ ਕਾਫਲੇ ਦਾ ਹਿੱਸਾ ਬਣੋ ਜਿਹੜਾ ਕੰਜ਼ਰਵੇਟਿਵ ਇਮੀਗ੍ਰੇਸ਼ਨ ਮਨਿਸਟਰ ਜੇਸਨ ਕੈਨੀ ਵਿਰੁੱਧ ਸਖਤ ਕਾਰਵਾਈ ਕਰ ਰਿਹਾ ਹੈ। ਕੈਨੀ ਦਾ ਰੀਕਾਰਡ ਕਿਸੇ ਵੀ ਹੋਰ ਇਮੀਗ੍ਰੇਸ਼ਨ ਮਨਿਸਟਰ ਤੋਂ ਘਟੀਆ ਹੈ:

- ਡੀਪੋਰਟਾਂ ਵਿਚ ਵਾਧਾ ਹੋਇਆ ਹੈ, ਅਤੇ ਮਾਨਤਾ ਮਿਲਣ ਵਾਲੇ ਰਫਿਊਜੀ ਕਲੇਮ 56% ਘਟ ਗਏ ਹਨ।
- ਕੈਨੀ ਰਫਿਊਜੀਆਂ ਅਤੇ ਫੈਮਲੀ ਸਪਾਂਸਰਸ਼ਿੱਪ ਦੇ ਨੰਬਰਾਂ ਵਿਚ 11,000 ਘੱਟ ਕਰਨੇ ਚਾਹੁੰਦਾ ਹੈ। ਇਸ ਦੇ ਉਲਟ ਉਸ ਨੇ ਆਰਜ਼ੀ ਤੌਰ ’ਤੇ ਆਉਣ ਵਾਲੇ ਕਾਮਿਆਂ (ਟੈਂਪਰੇਰੀ ਵਰਕਰਜ਼) ਦੀ ਗਿਣਤੀ ਵਿਚ ਵਾਧਾ ਕੀਤਾ ਹੈ, ਜਿਨ੍ਹਾਂ ਨੂੰ ਮਜ਼ਦੂਰੀ ਵਾਸਤੇ ਵਰਤਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਕਨੇਡਾ ਵਿਚ ਪੂਰੇ ਹੱਕ ਪ੍ਰਾਪਤ ਨਹੀਂ ਅਤੇ ਨਾ ਹੀ ਉਹ ਆਪਣੇ ਪਰਿਵਾਰਾਂ ਨੂੰ ਕਨੇਡਾ ਲਿਆ ਸਕਦੇ ਹਨ।
- ਕੈਨੀ ਨੇ ਮੈਕਸੀਕੋ ਅਤੇ ਸਚਿਕ ਰੀਪਬਲਿਕ ਉੱਪਰ ਵੀਜ਼ਾ ਠੋਸ ਦਿੱਤਾ, ਉਹਨੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੀ ਰੀਪੋਰਟਾਂ ਦੇ ਬਾਵਜੂਦ ਇਹ ਦਾਅਵਾ ਕੀਤਾ ਕਿ ਇਨ੍ਹਾਂ ਮੁਲਕਾਂ ਤੋਂ ਆਉਣ ਵਾਲੇ ਰਫਿਊਜੀ ਸਿਸਟਮ ਦੀ ਗਲਤ ਵਰਤੋਂ ਕਰ ਰਹੇ ਸਨ।
- ਕੈਨੀ ਦਾ ਕਹਿਣਾ ਹੈ ਕਿ ਉਸ ਦਾ ਨਵਾਂ ਰਫਿਊਜੀ ਬਿੱਲ ਇਕ ਹਾਂ-ਪੱਖੀ ਸੁਧਾਰ ਹੈ। ਪਰ ਇਹ ਕਲੇਮ ਕਰਨ ਵਾਲੇ ਰਫਿਊਜੀਆਂ ਵਾਸਤੇ ਕਾਨੂੰਨੀ ਰਸਤਿਆਂ ਨੂੰ ਬਹੁਤ ਹੀ ਸੀਮਤ ਕਰ ਦਿੰਦਾ ਹੈ ਅਤੇ ਫੈਸਲਿਆਂ ਦੀ ਉਡੀਕ ਕਰ ਰਹੇ ਰਫਿਊਜੀ ਕੇਸਾਂ ਦੀ ਲਾਈਨ (ਬੈਕਲਾਗ) ਵੀ ਕੰਜ਼ਰਵੇਟਿਵਾਂ ਨੇ ਖ਼ੁੱਦ ਹੀ ਪੈਦਾ ਕੀਤੀ ਸੀ।
- ਕੈਨੀ ਉਨ੍ਹਾਂ ਇਮੀਗ੍ਰੈਂਟਾਂ ਲਈ ਸਖਤੀ ਪੈਦਾ ਕਰਨੀ ਚਾਹੁੰਦਾ ਹੈ ਜਿਹੜੇ ਕਨੇਡੀਅਨ ਸਮਾਜ ਵਿਚ ਘੁਲ਼-ਮਿਲ਼ ਜਾਂਦੇ ਹਨ ਜਾਂ ਜਿਹੜੇ ਅੰਗ੍ਰੇਜ਼ੀ ਅਤੇ ਫਰਾਂਸੀਸੀ ਬੋਲਦੇ ਹੋਣ।
- ਕੈਨੀ ਕਿਉਬਿਕ ਸਰਕਾਰ ਦੇ ਬਿਲ ਸੀ-94 ਦੀ ਹਿਮਾਇਤ ਕਰਦਾ ਹੈ ਜਿਹੜਾ ਕਿ ਨਕਾਬ ਪਹਿਨਣ ਵਾਲੀਆਂ ਔਰਤਾਂ ਨਾਲ ਵਿਤਕਰਾ ਕਰਦਾ ਹੈ।
- ਕੈਨੀ ਨੇ ਇਕ ਨਵੀਂ ਸਿਟੀਜ਼ਨਸ਼ਿੱਪ ਗਾਈਡ ਪੇਸ਼ ਕੀਤੀ ਹੈ ਜਿਹਦੇ ਵਿਚ ਕਾਮਿਕ ਘੱਟ ਗਿਣਤੀਆਂ ਦੇ ਹੱਕਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ।
- ਕੈਨੀ ਕਨੇਡਾ ਦੇ ਅਫਗਾਨਿਸਤਾਨ ਅਤੇ ਮਿਡਲ ਈਸਟ ਵਿਚਲੇ ਰੋਲ ਦੀ ਡਟ ਕੇ ਹਿਮਾਇਤ ਕਰਦਾ ਹੈ ਅਤੇ ਉਸ ਨੇ ਤਾਂ ਜੰਗ ਦਾ ਵਿਰੋਧ ਕਰਨ ਵਾਲੇ ਬਰਤਾਨੀਆਂ ਦੀ ਪਾਰਲੀਮੈਂਟ ਦੇ ਇਕ ਮੈਂਬਰ ਨੂੰ ਵੀ ਕਨੇਡਾ ਆ ਕੇ ਬੋਲਣ ਤੋਂ ਬੈਨ ਕਰ ਦਿੱਤਾ।

ਇਹ ਠੀਕ ਹੈ ਕਿ ਅਸੀਂ ਮਨਿਸਟਰ ਕੈਨੀ ਦੇ ਵਿਰੁੱਧ ਹਾਂ ਪਰ ਅਸੀਂ ਸੋਚਦੇ ਹਾਂ ਕਿ ਸਾਰਾ ਇਮੀਗ੍ਰੇਸ਼ਨ ਸਿਸਟਮ ਹੀ ਅਣਮਨੁੱਖੀ ਅਤੇ ਬੇਇਨਸਾਫੀ ਵਾਲਾ ਹੈ। ਨੋ ਵਨ ਇਜ਼ ਇਲਲੀਗਲ ਜਥੇਬੰਦੀ ਵਲੰਟੀਟੀਅਰਾਂ ਦਾ ਇਕ ਗਰੁੱਪ ਹੈ ਜਿਹੜਾ ਇਮੀਗਰੈਂਟਾਂ, ਰਫਿਊਜੀਆਂ, ਮਾਈਗਰੈਂਟ ਕਾਮਿਆਂ ਅਤੇ ਨਾਨ-ਸਟੇਟਸ ਲੋਕਾਂ ਵਾਸਤੇ ਇਨਸਾਫ ਵਿਚ ਯਕੀਨ ਕਰਦਾ ਹੈ। ਹਰ ਰੋਜ਼, ਕਨੇਡਾ ਵਿਚੋਂ ਸੈਂਕੜੇ ਲੋਕਾਂ ਨੂੰ ਡੀਪੋਰਟ ਕੀਤਾ ਜਾਂਦਾ ਹੈ ਜਿਹੜੇ ਸਿਰਫ ਆਪਣੇ ਵਾਸਤੇ ਬਿਹਤਰ ਜ਼ਿੰਦਗੀ ਬਣਾਉਣਾ ਚਾਹੁੰਦੇ ਹਨ ਅਤੇ ਉਹ ਅਕਸਰ ਗਰੀਬੀ, ਜੰਗ ਜਾਂ ਹਿੰਸਾ ਤੋਂ ਬਚਣ ਦੀ ਕੋਸ਼ਸ਼ ਵਿਚ ਹੁੰਦੇ ਹਨ। ਬਹੁਤ ਸਾਰੇ ਕਾਰਨ ਜਿਹੜੇ ਲੋਕਾਂ ਨੂੰ ਕਨੇਡਾ ਵਰਗੇ ਮੁਲਕਾਂ ਵਲ ਆਉਣ ਲਈ ਮਜਬੂਰ ਕਰਦੇ ਹਨ, ਉਹ ਵੱਡੀਆਂ ਕਾਰਪੋਰੇਸ਼ਨਾਂ ਦੇ ਏਜੰਡੇ ਅਤੇ ਦੁਨੀਆਂ ਦੀਆਂ ਵੱਡੀਆਂ ਤਾਕਤਾਂ ਦੀਆਂ ਵਿਦੇਸ਼ੀ ਨੀਤੀਆਂ ਨਾਲ ਸਿੱਧੇ ਜੁੜੇ ਹੋਏ ਹੁੰਦੇ ਹਨ। ਉਦਾਹਰਨ ਵਜੋਂ, ਲੱਖਾਂ ਕ੍ਰੋੜਾਂ ਅਫਗਾਨੀਆਂ ਨੂੰ ਉਨ੍ਹਾਂ ਦੇ ਘਰਾਂ ਅਤੇ ਜ਼ਮੀਨਾਂ ਵਿਚੋਂ ਨਿਕਲਣ ਲਈ ਮਜਬੂਰ ਹੋਣਾ ਪਿਆ ਜਦੋਂ ਦਾ ਉਨ੍ਹਾਂ ਦੇ ਮੁਲਕ ਉੱਪਰ ਫੌਜੀ ਹਮਲਾ ਹੋਇਆ ਹੈ।

ਕਨੇਡਾ ਨੂੰ ਇਕ ਪੱਕੇ ਵਸ਼ਿੰਦੇ ਵਜੋਂ ਆਉਣਾ ਔਖਾ ਹੁੰਦਾ ਜਾ ਰਿਹਾ ਹੈ, ਜਿਸ ਕਰਕੇ ਲੋਕਾਂ ਨੂੰ ਹੋਰ ਰਾਹ ਭਾਲਣ ਲਈ ਮਜਬੂਰ ਹੋਣਾ ਪੈਂਦਾ ਹੈ ਜਿਵੇਂ ਕਿ ਰਫਿਊਜੀ ਵਜੋਂ ਕਲੇਮ ਕਰਨਾ ਜਾਂ ਟੈਂਪਰੇਰੀ ਕੰਮ ਕਰਨਾ। ਗਰੀਬ ਲੋਕਾਂ ਵਾਸਤੇ ਆਪਣੇ ਪਰਿਵਾਰਾਂ ਨੂੰ ਪਿੱਛੇ ਛੱਡ ਕੇ ਅਤੇ ਖਤਰਨਾਕ ਕੰਮ ਕਰਨ ਲਈ ਆਉਣ ਦਾ, ਘੱਟ ਮਜਦੂਰੀ, ਸਮਾਜਿਕ ਇਕੱਲਤਾ ਅਤੇ ਵਿਤਕਰੇ ਦਾ ਸਾਮਣਾ ਕਰਨ ਦਾ ਫੈਸਲਾ ਕਰਨਾ ਵਿਸ਼ੇਸ਼ ਤੌਰ ’ਤੇ ਔਖਾ ਹੁੰਦਾ ਹੈ। ਭਾਵੇਂ ਉਨ੍ਹਾਂ ਨੂੰ ਹਮੇਸ਼ਾਂ ਇਹ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੀ ਲੋੜ ਨਹੀਂ ਹੈ ਅਤੇ ਉਨ੍ਹਾਂ ਨੂੰ ਡੀਪੋਰਟ ਕੀਤਾ ਜਾਣਾ ਚਾਹੀਦਾ ਹੈ, ਲੱਖਾਂ ਮਾਈਗਰੈਂਟ ਅਤੇ ਨਾਨ-ਸਟੇਟਸ ਕਾਮੇ ਕਨੇਡੀਅਨ ਸਨਅਤ ਵਲੋਂ ਵੱਡੇ ਮੁਨਾਫੇ ਕਮਾਉਣ ਵਿਚ ਸਹਾਈ ਹੁੰਦੇ ਹਨ।

ਸਾਡਾ ਯਕੀਨ ਹੈ ਕਿ ਪੈਸੇ ਜਾਂ ਮਜਦੂਰੀ ਕਿਸੇ ਵੀ ਇਨਸਾਨ ਦੀ ਅਸਲੀ ਕੀਮਤ ਨਹੀਂ ਹੁੰਦੀ। ਇਹ ਵਿਚਾਰ ਉਸ ਆਰਥਿਕ ਢਾਂਚੇ ’ਤੇ ਅਧਾਰਤ ਹਨ ਜਿਹੜਾ ਇਨਸਾਨਾਂ ਦਾ ਅਤੇ ਵਾਤਾਵਰਨ ਦਾ ਸ਼ੋਸ਼ਣ ਕਰਦਾ ਹੈ। ਇਹ ਵਿਚਾਰ ਨਸਲਵਾਦ ਰਾਹੀਂ ਵੀ ਠੋਸਿਆ ਜਾਂਦਾ ਹੈ, ਜਿਸ ਅਨੁਸਾਰ ਤੀਜੀ ਦੁਨੀਆਂ ਵਿਚੋਂ ਆਉਣ ਵਾਲੇ ਲੋਕ ਅਤੇ ਕਨੇਡਾ ਵਿਚਲੇ ਮੁੱਢਲੇ ਵਾਸੀਆਂ ਨੂੰ ਘਟੀਆ ਇਨਸਾਨਾਂ ਵਜੋਂ ਦੇਖਿਆ ਜਾਂਦਾ ਹੈ। ਨੋ ਵਨ ਇਜ਼ ਇਲਲੀਗਲ ਜਥੇਬੰਦੀ ਦਾ ਨਿਸ਼ਾਨਾ ਵਿਸ਼ਵ ਵਿਚਲੀ ਨਾਬਰਾਬਰਤਾ ਅਤੇ ਤਾਕਤ ਵਾਲੇ ਢਾਂਚੇ ਨੂੰ ਬਦਲਣ ਦਾ ਹੈ। ਅਸੀਂ ਅਨੈਤਿਕ ਇਮੀਗਰੇਸ਼ਨ ਨੀਤੀਆਂ, ਕੰਟਰੋਲ ਕਰਨ ਲਈ ਜੰਗਾਂ, ਔਰਤਾਂ ਅਤੇ ਕਾਮਿਕ ਘੱਟ ਗਿਣਤੀਆਂ ਵਿਰੁੱਧ ਤਸ਼ੱਦਦ, ਗਰੀਬੀ, ਅਤੇ ਵਾਤਾਵਰਨ ਵਿਚ ਆ ਰਹੀ ਗਿਰਾਵਟ ਦੀ ਵਿਰੋਧਤਾ ਕਰਦੇ ਹਾਂ। ਤੁਹਾਡੇ ਵਾਂਗ ਹੀ ਅਸੀਂ ਵੀ ਇਨਸਾਫ ’ਤੇ ਅਧਾਰਤ ਦੁਨੀਆਂ ਵਿਚ ਯਕੀਨ ਕਰਦੇ ਹਾਂ।

ਕੈਨੀ ਬਾਰੇ ਹੋਰ ਜਾਣਕਾਰੀ ਅਤੇ
ਹੋ ਰਹੀਆਂ ਸਰਗਰਮੀਆਂ ਬਾਰੇ ਜਾਨਣ ਲਈ:
*www.nooneisillegal.org*